ਨਿਊਜ਼ ਰਿਲੀਜ਼

# ਐਲਬਰਟਾ 'ਚ ਪੁਲਿਸ ਸੇਵਾਵਾਂ ਦਾ ਭਵਿੱਖ

3 ਅਗਸਤ, 2022

ਐਲਬਰਟਾ ਨਿਵਾਸੀ ਨਵੇਂ ਵੈੱਬਸਾਈਟ ਦੁਆਰਾ ਇਸ ਬਾਰੇ ਜਾਣ ਸਕਦੇ ਹਨ ਕਿ ਸੂਬਾਈ ਪੁਲਿਸ ਸੇਵਾਵਾਂ ਦਾ ਭਵਿੱਖ ਕਿਹੋ ਜਿਹਾ ਲੱਗੇਗਾ।

futureofABpolicing.ca ਸਾਈਟ ਜਨਤਾ ਨੂੰ ਸੂਬੇ ਭਰ 'ਚ ਚੰਗੇਰੀ ਨਾਗਰਿਕੀ ਨਿਗਰਾਨੀ, ਵਧੇਰੇ ਫਰੰਟ-ਲਾਈਨ ਪੁਲਿਸ ਅਫਸਰ ਅਤੇ ਚੰਗੇਰੇ ਸੇਵਾ ਪੱਧਰ ਸਮੇਤ ਉਨ੍ਹਾਂ ਮੌਕਿਆਂ ਬਾਰੇ ਜਾਣਕਾਰੀ ਮੁਹੱਈਆ ਕਰੇਗਾ ਜਿਹੜੇ ਨਵੀਂ ਸੂਬਾਈ ਪੁਲਿਸ ਸੇਵਾ ਲਿਆ ਸਕਦੀ ਹੈ।

ਜਦੋਂ ਕਿ ਹਾਲੇ ਐਲਬਰਟਾ ਪੁਲਿਸ ਸੇਵਾ ਬਾਰੇ ਅਗਾਂਹ ਤੁਰਨ ਲਈ ਕੋਈ ਫੈਸਲਾ ਨਹੀਂ ਕੀਤਾ ਗਿਆ, ਐਲਬਰਟਾ ਸਰਕਾਰ ਜਨਤਕ ਸੁਰੱਖਿਆ ਦੇ ਇਸ ਵਿਸ਼ੇ ਬਾਰੇ ਗੱਲ ਕਰਨ ਲਈ ਸਿੱਧਿਆਂ ਐਲਬਰਟਾ ਨਿਵਾਸੀਆਂ ਤੱਕ ਜਾਣ ਦੇ ਕੀਤੇ ਗਏ ਵਾਅਦੇ ਪ੍ਰਤਿ ਵਾਜਬ ਸੁਹਿਰਦਤਾ ਵਿਖਾ ਰਹੀ ਹੈ।

## ਮਿਊਂਸਿਪਲ ਅਤੇ ਫਸਟ ਨੇਸ਼ਨਜ਼ ਪੁਲਿਸ ਸੇਵਾਵਾਂ

ਮੌਜੂਦਾ ਸਮੇਂ ਕਈ ਸਾਰੀਆਂ ਮਿਊਂਸਪੈਲਿਟੀਆਂ ਅਤੇ ਫਸਟ ਨੇਸ਼ਨਜ਼ ਕੋਲ ਆਪਣੀਆਂ ਪੁਲਿਸ ਸੇਵਾਵਾਂ ਮੌਜੂਦ ਹਨ ਅਤੇ ਹੋਰ ਆਪਣੀਆਂ ਪੁਲਿਸ ਸੇਵਾਵਾਂ ਸਥਾਪਤ ਕਰਨ ਲਈ ਸੰਭਾਵਨਾਵਾਂ ਦੀ ਭਾਲ ਕਰ ਰਹੀਆਂ ਹਨ। ਐਲਬਰਟਾ ਸਰਕਾਰ ਇਸ ਕੰਮ 'ਚ ਸਹਾਇਤਾ ਕਰ ਰਹੀ ਹੈ ਅਤੇ ਉਸਨੇ ਮਿਊਂਸਪੈਲਿਟੀਆਂ ਅਤੇ ਫਸਟ ਨੇਸ਼ਨਜ਼ ਦੀ ਸਹਾਇਤਾ ਕਰਨ ਲਈ ਇਕ ਗਰਾਂਟ ਸਥਾਪਤ ਕੀਤੀ ਹੈ, ਜਦੋਂ ਉਹ ਆਪਣੀਆਂ ਪੁਲਿਸ ਸੇਵਾਵਾਂ ਸਥਾਪਤ ਕਰਨ ਲਈ ਸੰਭਾਵਨਾਵਾਂ ਦੀ ਭਾਲ ਕਰ ਰਹੀਆਂ ਹੋਣਗੀਆਂ।

ਪੇਂਡੂ ਖੇਤਰਾਂ 'ਚ ਅਫਸਰਾਂ ਦੀ ਗਿਣਤੀ ਵਧਾਉਣ ਤੋਂ ਇਲਾਵਾ, ਸੂਬਾਈ ਪੁਲਿਸ ਸੇਵਾ ਵੱਲ ਨੂੰ ਤਬਦੀਲੀ ਪ੍ਰਸ਼ਾਸਨ 'ਚ ਸੁਧਾਰ ਲਿਆਵੇਗੀ ਅਤੇ ਮਿਊਂਸਪੈਲਿਟੀਆਂ ਨੂੰ ਆਪਣੀਆਂ ਖੁਦ ਦੀਆਂ ਤਰਜੀਹਾਂ ਮਿਥਣ 'ਚ ਵਧੇਰੇ ਰਾਇ ਦੇ ਸਕਣ ਦਾ ਅਧਿਕਾਰ ਦੇਵੇਗੀ। ਇਹ ਮਾਡਲ ਵਧੇਰੇ ਕਵਰੇਜ ਮੁਹੱਈਆ ਕਰੇਗਾ, ਮਦਦ ਪਹੁੰਚਣ ਦੇ ਸਮੇਂ ਨੂੰ ਘੱਟ ਕਰੇਗਾ ਅਤੇ ਪ੍ਰਤਿ ਅਫਸਰ ਲੋਡ ਨੂੰ ਘਟਾਏਗਾ।

## ਫੌਰੀ ਤੱਥ

- ਐਲਬਰਟਾ ਨੇ ਸੂਬਾਈ ਪੁਲਿਸ ਸੇਵਾ ਵੱਲ ਨੂੰ ਤਬਦੀਲੀ ਦੀ ਵਿਵਹਾਰਕਤਾ ਦਾ ਅਧਿਐਨ ਕਰਨ ਵਾਸਤੇ PwC Canada ਨੂੰ ਅਕਤੂਬਰ 2020 'ਚ ਕੰਮ ਲਈ ਰੱਖਿਆ।
- ਉਨ੍ਹਾਂ ਦੀ ਰਿਪੋਰਟ ਨੇ ਇਸ ਤਬਦੀਲੀ ਨਾਲ ਜੁੜੇ ਹੋਏ ਕਈ ਲਾਭਕਾਰੀ ਮੌਕੇ ਲੱਭੇ ਅਤੇ ਭਵਿੱਖ ਦੀ ਸੂਬਾਈ ਪੁਲਿਸ ਸੇਵਾ ਕਿਹੋ ਜਿਹੀ ਦਿਖੇਗੀ, ਇਸ ਬਾਰੇ ਕਈ ਵਿਕਲਪ ਪੇਸ਼ ਕੀਤੇ।

- ਆਰ ਸੀ ਐੱਮ ਪੀ ਦੇ ਮੌਜੂਦਾ ਕਾਂਟਰੈਕਟ ਤਹਿਤ ਪੁਲਿਸ ਸੇਵਾ ਸਾਰੇ ਅੱਠ ਸੂਬਿਆਂ, ਤਿੰਨ ਟੈਰੇਟਰੀਆਂ ਅਤੇ ਕਈ ਸਾਰੀਆਂ ਮਿਊਂਸਪੈਲਿਟੀਆਂ, ਜੋ ਉਨ੍ਹਾਂ ਦੀਆਂ ਸੇਵਾਵਾਂ ਵਰਤਦੀਆਂ ਹਨ, ਲਈ ਇਕੋ ਜਿਹੀ ਹੈ ਅਤੇ ਇਹ ਆਪਣੀਆਂ ਸਥਾਨਕ ਲੋੜਾਂ ਦੀ ਪੂਰਤੀ ਲਈ ਸਥਾਨਕ ਇੰਨਪੁੱਟ ਮੁਹੱਈਆ ਕਰਨ ਦਾ ਬੜਾ ਘੱਟ ਮੌਕਾ ਦਿੰਦੀ ਹੈ।
- ਫੈਰਡਲ ਸਰਕਾਰ ਨੇ ਇਸ਼ਾਰਾ ਦਿੱਤਾ ਹੈ ਕਿ ਪੂਰੀ ਦੀ ਪੂਰੀ ਆਰ ਸੀ ਐੱਮ ਪੀ ਨੂੰ ਬਣਾਈ ਰੱਖਣ 'ਚ ਔਕੜਾਂ ਮੌਜੂਦ ਹਨ। ਪ੍ਰਧਾਨ ਮੰਤਰੀ ਨੇ ਹੁਣੇ ਜਿਹੇ ਪਬਲਿਕ ਸੇਫਟੀ ਕੈਨੇਡਾ ਨੂੰ ਆਰ ਸੀ ਐੱਮ ਪੀ ਦੇ ਪੁਲਿਸ ਸੇਵਾ ਕਾਂਟਰੈਕਟ ਦਾ ਪੁਨਰ-ਨਿਰੀਖਣ ਕਰਨ ਲਈ ਹਿਦਾਇਤ ਦਿੱਤੀ ਹੈ।
- ਕਈ ਸਾਰੇ ਸੂਬੇ ਅਤੇ ਮਿਊਂਸਪੈਲਿਟੀਆਂ, ਜਿਹੜੇ ਮੌਜੂਦਾ ਸਮੇਂ ਆਰ ਸੀ ਐੱਮ ਪੀ ਕਾਂਟਰੈਕਟ ਸੇਵਾ ਵਰਤ ਰਹੇ ਹਨ, ਉਹ ਬਦਲਵੇਂ ਪੁਲਿਸ ਮਾਡਲਾਂ 'ਤੇ ਵਿਚਾਰ ਕਰ ਰਹੇ ਹਨ।

## ਸਬੰਧਤ ਜਾਣਕਾਰੀ

- futureofABpolicing.ca
- ਏ ਪੀ ਪੀ ਐੱਸ ਟ੍ਰਾਂਜ਼ੀਸ਼ਨਲ ਸਟੱਡੀ ਦੀ ਅੰਤਮ ਰਿਪੋਰਟ

## ਸਬੰਧਤ ਨਿਊਜ਼

- ਇੰਡਿਜਨਸ ਅਤੇ ਮਿਉਂਸਿਪਲ ਕਮਿਊਨਿਟੀਆਂ ਲਈ ਨਵੀਂ ਗਰਾਂਟ (23 ਜੂਨ 2022)

